# ਵਰਲਡ ਪੰਜਾਬੀ ਟਾਈਮਜ਼

# WORLD PUNJABI TIMES

A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162

Epaper World Punjabi Times 06 ਅਗਸਤ 2025 ਦਿਨ ਬੁੱਧਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼

## ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਦਾ 91ਵਾਂ ਜਨਮ ਦਿਨ ਮਨਾਇਆ

ਵਰਲਡ ਪੰਜਾਬੀ ਟਾਈਮਜ਼
ਹਰਦਮ ਮਾਨ






ਸਰੀ, 6 ਅਗਸਤ : ਵੈਨਕੂਵਰ ਵਿਚਾਰ ਮੰਚ, ਗ਼ਜ਼ਲ ਮੰਚ ਸਰੀ ਅਤੇ ਸੇਖਾ ਪਰਿਵਾਰ ਵੱਲੋਂ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਦਾ 91ਵਾਂ ਜਨਮ ਦਿਨ ਮਨਾਇਆ ਗਿਆ। ਇਸ ਮੌਕੇ ਸਭਨਾਂ ਨੇ ਸ. ਸੇਖਾ ਦੀ ਲੰਮੀ ਅਤੇ ਸਿਹਤਯਾਬ ਜ਼ਿੰਦਗੀ ਦੀ ਕਾਮਨਾ ਕੀਤੀ।

ਜਰਨੈਲ ਸਿੰਘ ਸੇਖਾ ਨੂੰ ਜਨਮ ਦਿਨ ਦੀ ਮੁਬਾਰਕਬਾਦ ਦਿੰਦਿਆਂ ਪ੍ਰਸਿੱਧ ਸ਼ਾਇਰ ਮੋਹਨ ਗਿੱਲ, ਜਸਵਿੰਦਰ, ਅੰਗਰੇਜ਼ ਬਰਾੜ, ਰਾਜਵੰਤ ਰਾਜ ਅਤੇ ਹਰਦਮ ਸਿੰਘ ਮਾਨ ਨੇ ਜਰਨੈਲ ਸਿੰਘ ਸੇਖਾ ਵੱਲੋਂ ਪੰਜਾਬੀ ਸਾਹਿਤ ਨੂੰ ਪ੍ਰਫੁੱਲਤ ਕਰਨ ਪਾਏ ਵੱਡਮੁੱਲੇ ਯੋਗਦਾਨ ਦੀ ਪ੍ਰਸੰਸਾ ਕੀਤੀ।

ਇਸ ਮੌਕੇ ਕੇਕ ਕੱਟਿਆ ਗਿਆ ਅਤੇ ਲੇਖਕ ਮਿੱਤਰਾਂ ਵੱਲੋਂ ਗੁਲਦਸਤਾ ਭੇਟ ਕਰ ਕੇ ਆਪਣੇ ਸਤਿਕਾਰ ਦਾ ਪ੍ਰਗਟਾਵਾ ਕੀਤਾ ਗਿਆ। ਸ. ਸੇਖਾ ਦੀ ਪੋਤਰੀ ਪ੍ਰਭਜੋਤ ਨੇ ਇਕ ਯਾਦਗਾਰੀ ਤਸਵੀਰ ਦੇ ਕੇ ਆਪਣਾ ਉਨ੍ਹਾਂ ਪ੍ਰਤੀ ਆਪਣਾ ਸਿਨੇਹ ਪ੍ਰਗਟ ਕੀਤਾ ਗਿਆ। ਸ. ਸੇਖਾ ਨੇ ਕਿਹਾ ਕਿ ਸਾਹਿਤ ਮਿੱਤਰਾਂ ਅਤੇ ਪਰਿਵਾਰ ਦੇ ਪਿਆਰ, ਸਤਿਕਾਰ ਸਦਕਾ ਉਹ ਪਿਛਲੇ ਸਮੇਂ ਵਿਚ ਆਏ ਸਰੀਰਕ ਕਸ਼ਟ 'ਚੋਂ ਉੱਭਰ ਸਕੇ ਹਨ। ਉਨ੍ਹਾਂ ਦੁਆ ਕੀਤੀ ਕਿ ਇਹ ਮਹੁੱਬਤ, ਸਾਂਝ ਏਸੇ ਤਰਾਂ ਬਰਕਰਾਰ ਰਹੇ।

## ਉੱਘੇ ਪੰਜਾਬੀ ਲੇਖਕ ਸ਼੍ਰੀ ਪ੍ਰੇਮ ਭੂਸ਼ਣ ਗੋਇਲ ਦਾ ਪੀਏਯੂ ਚ ਦਿਹਾਂਤ

ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ



ਲੁਧਿਆਣਾ 6 ਅਗਸਤ : ਉੱਘੇ ਪੰਜਾਬੀ ਲੇਖਕ ਤੇ ਭਾਸ਼ਾ ਵਿਭਾਗ ਪੰਜਾਬ ਦੇ ਸੇਵਾ ਮੁਕਤ ਉੱਚ ਅਧਿਕਾਰੀ ਸ਼੍ਰੀ ਪ੍ਰੇਮ ਭੂਸ਼ਨ ਗੋਇਲ ਅੱਜ ਸਵੇਰੇ ਸੱਤ ਵਜੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਕੈਂਪਸ ਲੁਧਿਆਣਾ ਵਿੱਚ ਅਕਾਲ ਚਲਾਣਾ ਕਰ ਗਏ ਹਨ। ਇਹ ਜਾਣਕਾਰੀ ਉਨ੍ਹਾਂ ਦੀ ਬੇਟੀ ਡਾ. ਪ੍ਰਤਿਭਾ ਗੋਇਲ ਸਾਬਕਾ ਵੀ ਸੀ ਰਾਮ ਮਨੋਹਰ ਲੋਹੀਆ ਯੂਨੀਵਰਸਿਟੀ ਅਯੁੱਧਿਆ(ਯੂ ਪੀ) ਨੇ ਦਿੱਤੀ। ਸ਼੍ਰੀ ਪ੍ਰੇਮ ਭੂਸ਼ਨ ਗੋਇਲ ਜੈਤੋ ਦੇ ਜੰਮਪਲ ਸਨ। ਉਨ੍ਹਾਂ ਦੇ ਨਿੱਕੇ ਵੀਰ ਜੰਗ ਬਹਾਦਰ ਗੋਇਲ ਰੀਟ. ਆਏ ਐੱਸ ਪੰਜਾਬੀ ਤੇ ਹਿੰਦੀ ਦੇ ਸਿਰਕੱਢ ਲੇਖਕ ਹਨ। ਸ਼੍ਰੀ ਪ੍ਰੇਮ ਭੂਸ਼ਨ ਗੋਇਲ ਦਾ ਅੰਤਿਮ ਸੰਸਕਾਰ ਅੱਜ 6 ਅਗਸਤ ਨੂੰ ਸਿਵਿਲ ਲਾਈਨਜ਼ ਸ਼ਮਸ਼ਾਨਘਾਟ ਵਿੱਚ ਸ਼ਾਮੀਂ 4ਵਜੇ ਹੋਵੇਗਾ। ਲਗਪਗ ਪਿਛਲੀ ਅੱਧੀ ਸਦੀ ਉਹ ਮੇਰੇ ਮਿਹਰਬਾਨ ਵੱਡੇ ਵੀਰ ਬਣ ਕੇ ਰਹੇ। ਉਨ੍ਹਾਂ ਦੀ ਯਾਦ ਵਿੱਚ ਮੈਂ ਨਮਨ ਕਰਦਾ ਹਾਂ। ਪਰਿਵਾਰ ਦਾ ਸੰਪਰਕ ਨੰਬਰ 98728 29611 ਹੈ।

## ਗੀਤਕਾਰ ਕਾਹਲੋਂ ਤੇ ਬੀਬੀ ਲਖਵਿੰਦਰ ਕੌਰ (ਕੈਨੇਡਾ) ਸਨਮਾਨਿਤ

ਵਰਲਡ ਪੰਜਾਬੀ ਟਾਈਮਜ਼
ਅੰਜੂ ਅਮਨਦੀਪ ਗਰੋਵਰ



ਚੰਡੀਗੜ੍ਹ 6 ਅਗਸਤ : ਬੀਤੇ ਦਿਨ ਕਵੀ ਮੰਚ (ਰਜਿ:) ਮੁਹਾਲੀ ਵੱਲੋਂ ਪ੍ਰਸਿੱਧ ਗੀਤਕਾਰ ਧਿਆਨ ਸਿੰਘ ਕਾਹਲੋਂ ਦੀ ਪੁਸਤਕ 'ਟੂੰਬਵੇਂ ਬੋਲ' ਦਾ ਲੋਕ ਅਰਪਣ ਤੇ ਸਨਮਾਨ ਸਮਾਗਮ ਸੈਣੀ ਭਵਨ ਸੈਕਟਰ-24 ਚੰਡੀਗੜ੍ਹ ਵਿਖੇ ਕੀਤਾ ਗਿਆ। ਸਮਾਗਮ ਦੀ ਪ੍ਰਧਾਨਗੀ ਭਗਤ ਰਾਮ ਰੰਗਾੜਾ, ਪ੍ਰਧਾਨ ਮੰਚ ਨੇ ਕੀਤੀ ਜਦ ਕਿ ਪ੍ਰਸਿੱਧ ਸਾਹਿਤਕਾਰ ਡਾ. ਲਾਭ ਸਿੰਘ ਖੀਵਾ ਬਤੌਰ ਮੁੱਖ ਮਹਿਮਾਨ ਅਤੇ ਸੀਨੀਅਰ ਪੱਤਰਕਾਰ ਦੀਪਕ ਸ਼ਰਮਾ ਚਨਾਰਥਲ ਬਤੌਰ ਵਿਸ਼ੇਸ਼ ਮਹਿਮਾਨ ਸ਼ਾਮਿਲ ਹੋਏ। ਖਚਾ-ਖੱਚ ਭਰੇ ਹਾਲ ਵਿੱਚ ਤਾੜੀਆਂ ਦੀ ਗੂੰਜ ਵਿੱਚ ਪੁਸਤਕ ਦੇ ਲੋਕ ਅਰਪਣ ਉਪਰੰਤ ਧਿਆਨ ਸਿੰਘ ਕਾਹਲੋਂ ਦਾ ਲੋਈ, ਮੋਮੈਂਟੋ ਤੇ ਪੁਸਤਕਾਂ ਦਾ ਸੈੱਟ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। ਨਾਲ ਦੀ ਨਾਲ ਪੁਸਤਕ ਦੇ ਲੇਖਕ ਕਾਹਲੋਂ ਦੀ ਨੂੰਹ-ਰਾਣੀ ਬੀਬੀ ਲਖਵਿੰਦਰ ਕੌਰ (ਸੁਪਤਨੀ ਸੁਖਵੰਤ ਸਿੰਘ ਕਾਹਲੋਂ) ਜੋ ਅੱਜ-ਕੱਲ੍ਹ ਕੈਪੇ ਬਰੇਟੋਨ ਯੂਨੀਵਰਸਿਟੀ ਕੈਨੇਡਾ ਵਿਖੇ ਬੀ.ਐਸ.ਸੀ. ਨਰਸਿੰਗ ਉਪਰੰਤ ਮਨੋਵਿਗਿਆਨ ਦੀ ਵਿਦਿਆ ਪ੍ਰਾਪਤ ਕਰ ਰਹੀ ਹੈ ਉਚੇਚੇ ਤੌਰ ਤੇ ਸਮਾਗਮ ਵਿੱਚ ਸ਼ਾਮਲ ਹੋਏ। ਉਨ੍ਹਾਂ ਕਾਹਲੋਂ ਪਰਿਵਾਰ ਵੱਲੋਂ ਆਪਣੇ ਉਚੇਰੀ ਵਿਦਿਆ ਦੇ ਸਹਿਯੋਗ ਲਈ ਤੇ ਆਪਣੇ ਜੀਵਨ ਦੇ ਤਜ਼ਰਬਿਆਂ ਬਾਰੇ ਚਾਨਣਾ ਪਾਇਆ ਤੇ ਕਿਹਾ ਕਿ ਇਨਸਾਨ ਹਿੰਮਤ ਨਾਲ ਹੀ ਅੱਗੇ ਵੱਧ ਸਕਦਾ ਹੈ। ਬੀਬੀ ਲਖਵਿੰਦਰ ਕੌਰ ਨੂੰ ਵਿਸ਼ੇਸ਼ ਤੌਰ ਤੇ ਮੰਚ ਵੱਲੋਂ ਫੁੱਲਕਾਰੀ, ਮੋਮੈਂਟੋ ਅਤੇ ਪੁਸਤਕਾਂ ਦਾ ਸੈੱਟ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। ਮੰਚ ਦਾ ਸੰਚਾਲਨ ਰਾਜ ਕੁਮਾਰ ਸਾਹੋਵਾਲੀਆ ਵੱਲੋਂ ਬਾਖੂਬੀ ਕੀਤਾ ਗਿਆ। ਇਹ ਸਮਾਗਮ ਸਦਾ ਲਈ ਆਪਣੀਆਂ ਅਮਿੱਟ ਪੈੜ੍ਹਾਂ ਛੱਡ ਗਿਆ।

## ਮਹਿੰਗੇ ਮੁੱਲ ਅਜ਼ਾਦੀ



ਰਾਜਗੁਰੂ,ਸੁਖਦੇਵ,ਭਗਤ ਸਿੰਘ,
ਗਏ ਦੇਸ਼ ਤੋਂ ਜਾਨਾਂ ਵਾਰ ਬੀਬਾ।

ਲੈ ਮਹਿੰਗੇ ਮੁੱਲ ਅਜ਼ਾਦੀ ਦਿੱਤੀ,
ਸੀ ਡਾਹਢਾ ਦੇਸ਼ ਪਿਆਰ ਬੀਬਾ।

ਕੀ ਪਾਇਆ ਮੁੱਲ ਕੁਰਬਾਨੀ ਦਾ,
ਅਸੀਂ ਕਰਦੇ ਵਣਜ ਵਪਾਰ ਬੀਬਾ।

ਸਤਲੁਜ ਦੇ ਕੰਢਿਆਂ ਤੋਂ ਪੁੱਛ ਲੈ,
ਜਿੱਥੇ ਦਿੱਤੇ ਬੁੱਤ ਉਸਾਰ ਬੀਬਾ।

ਆ ਸਾਲ ਛਿਮਾਹੀ ਬਾਅਦ ਲੀਡਰ,
ਪਾ ਦਿੰਦੇ ਨੇ ਗਲ ਹਾਰ ਬੀਬਾ।

ਪਹਿਰਾ ਦੇਵਾਂਗੇ ਥੋਡੀ ਸੋਚ 'ਤੇ,
ਜਾਂਦੇ ਨੇ ਨਾਅਰਾ ਮਾਰ ਬੀਬਾ।

ਮੁੜ ਕੋਈ ਬਾਤ ਨਹੀਂ ਪੁੱਛਦਾ,
ਪਿਆ ਬੁੱਤਾਂ ਦੁਆਲੇ ਖਿਲਾਰ ਬੀਬਾ।

ਵੱਟਦੇ ਨੇ ਮੁੱਲ ਸ਼ਹੀਦਾਂ ਦਾ,
ਬਣ ਦੇਸ਼ ਦੇ ਕਈ ਗ਼ਦਾਰ ਬੀਬਾ।

ਜੇ 'ਪੱਤੋ' ਦੀ ਚੰਗੀ ਸੋਚ ਹੋਵੇ,
ਤਾਂ ਸੁਫ਼ਨੇ ਹੋਣ ਸਕਾਰ ਬੀਬਾ।

ਵਰਲਡ ਪੰਜਾਬੀ ਟਾਈਮਜ਼
ਹਰਪ੍ਰੀਤ ਪੱਤੋ

## ਪੰਜਾਬੀ ਸਾਹਿਤ ਸਭਾ ਫ਼ਰੀਦਕੋਟ ਵੱਲੋਂ ਪ੍ਰਿੰਸੀਪਲ ਨਵਰਾਹੀ ਘੁਗਿਆਣਵੀ ਦੀ ਪੁਸਤਕ " ਮਾਹੌਲ " ਦਾ ਲੋਕ ਅਰਪਣ

ਵਰਲਡ ਪੰਜਾਬੀ ਟਾਈਮਜ਼
ਧਰਮ ਪ੍ਰਵਾਨਾਂ

ਫਰੀਦਕੋਟ 6 ਅਗਸਤ : ਪੰਜਾਬੀ ਸਾਹਿਤ ਸਭਾ ਰਜਿ ਫਰੀਦਕੋਟ ਵੱਲੋਂ ਸਥਾਨਕ ਪੈਨਸ਼ਨ ਭਵਨ ਨਜ਼ਦੀਕ ਹੁੱਕੀ ਚੌਂਕ ਫਰੀਦਕੋਟ ਵਿਖੇ ਮਾਸਿਕ ਇਕੱਤਰਤਾ ਦੌਰਾਨ ਪੁਸਤਕ ਲੋਕ ਅਰਪਣ ਸਮਾਗਮ ਕਰਵਾਇਆ ਗਿਆ ਜਿਸ ਦੀ ਪ੍ਰਧਾਨਗੀ ਕਰਨਲ ਬਲਬੀਰ ਸਿੰਘ ਸਰਾਂ ਨੇਕੀਤੀ ਜਿਸ ਵਿੱਚ ਮੁੱਖ ਮਹਿਮਾਨ ਵਜੋਂ ਨੌਜਵਾਨ ਸ਼ਾਇਰ ਵਤਨਵੀਰ ਜ਼ਖਮੀ ਸਨ। ਇਹਨਾਂ ਨਾਲ ਪ੍ਰਿੰਸੀਪਲ ਨਵਰਾਹੀ ਘੁਗਿਆਣਵੀ, ਪ੍ਰੋ: ਪਾਲ ਸਿੰਘ ਪਾਲ ਵੀ ਸੁਸ਼ੋਭਿਤ ਹਨ। ਮੰਚ ਸੰਚਾਲਨ ਪ੍ਰਸਿੱਧ ਲੇਖਕ , ਅਦਾਕਾਰ ਤੇ ਗਾਇਕ ਇਕਬਾਲ ਘਾਰੂ ਨੇ ਕੀਤਾ। ਇਕਬਾਲ ਘਾਰੂ ਨੇ ਸਮਾਗਮ ਦੀ ਸ਼ੁਰੂਆਤ ਪ੍ਰਿੰਸੀਪਲ ਨਵਰਾਹੀ



ਘੁਗਿਆਣਵੀ ਜੀ ਦੀ ਇੱਕ ਰਚਨਾ " ਮਨਾਂ ਤੂੰ ਠੇਲ ਦੇ ਕਿਸ਼ਤੀ, ਕਿਨਾਰੇ ਆ ਹੀ ਜਾਵਣਗੇ।" ਤਰੰਨਮ ਵਿੱਚ ਸੁਣਾ ਕੇ ਕੀਤੀ। ਇਸ ਤੋਂ ਬਾਅਦ ਨਵਰਾਹੀ ਸਾਹਿਬ ਦੀ ਪੁਸਤਕ " ਮਾਹੌਲ " ਦਾ ਲੋਕ ਅਰਪਣ ਕੀਤਾ ਗਿਆ। ਇਸ ਸਮੇਂ ਪ੍ਰੋ: ਪਾਲ ਸਿੰਘ, ਦਰਸ਼ਨ ਰੋਮਾਣਾ, ਲਾਲ ਸਿੰਘ ਕਲਸੀ, ਪ੍ਰੋ: ਨਿਰਮਲ ਕੌਸ਼ਿਕ, ਸੁਰਿੰਦਰਪਾਲ ਸ਼ਰਮਾ ਭਲੂਰ, ਧਰਮ ਪ੍ਰਵਾਨਾ, ਮੁਖਤਿਆਰ ਸਿੰਘ ਵੰਗੜ , ਬਲਵੰਤ ਰਾਏ ਗੱਖੜ, ਪ੍ਰਿੰਸੀਪਲ ਕ੍ਰਿਸ਼ਨ ਲਾਲ ਬਕੋਲੀਆ ਆਦਿ ਨੇ ਇਸ ਪੁਸਤਕ ਤੇ ਵਿਚਾਰ ਚਰਚਾ ਵੀ ਕੀਤੀ। ਇਸ ਤੋਂ ਬਾਅਦ ਨਵਰਾਹੀ ਜੀ ਨੇ ਆਪਣੀ ਸਵੈ ਜੀਵਨੀ, ਸਾਹਿਤ ਕਲਾ ਅਤੇ ਸਾਹਿਤ ਵਿੱਚ ਪਾਏ ਯੋਗਦਾਨ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਇਆ ਅਤੇ ਹਾਜ਼ਰੀਨ ਲੇਖਕਾਂ ਦਾ ਬੜੇ ਆਦਰ ਸਹਿਤ ਧੰਨਵਾਦ ਕੀਤਾ। ਉਨ੍ਹਾਂ ਨਵੇਂ ਲੇਖਕਾਂ ਦੀ ਹੌਸਲਾ ਅਫਜ਼ਾਈ ਕੀਤੀ। ਕੁਝ ਚੋਣਵੇਂ ਲੇਖਕਾਂ ਨੇ ਆਪਣੇ ਕਲਾਮ ਵੀ ਪੇਸ਼ ਕੀਤੇ ਜਿਨ੍ਹਾਂ ਵਿੱਚ ਧਰਮ ਪ੍ਰਵਾਨਾ, ਹਰਸੰਗੀਤ ਗਿੱਲ, ਜਗਦੀਪ ਹਸਰਤ, ਗੁਰਤੇਜ ਪੱਖੀ ਕਲਾਂ, ਸਿਕੰਦਰ ਮਾਨਵ, ਸਾਕੀ ਫਰੀਦਕੋਟੀ , ਸਵਰਨ ਸਿੰਘ, ਪਰਮਜੀਤ ਸਿੰਘ, ਵਤਨਵੀਰ ਜ਼ਖਮੀ, ਸੁਰਿੰਦਰਪਾਲ ਸ਼ਰਮਾ ਭਲੂਰ, ਇਕਬਾਲ ਘਾਰੂ, ਪ੍ਰੋ: ਪਾਲ ਸਿੰਘ, ਕ੍ਰਿਸ਼ਨ ਲਾਲ ਬਕੋਲੀਆ, ਕਰਨਲ ਬਲਬੀਰ ਸਿੰਘ, ਸੁਖਦੇਵ ਸਿੰਘ ਮਚਾਕੀ, ਸਾਧੂ ਸਿੰਘ ਚਮੇਲੀ, ਜਤਿੰਦਰਪਾਲ ਸਿੰਘ ਟੈਕਨੋ ਆਦਿ ਲੇਖਕ ਸਨ।ਇਸ ਤੋਂ ਇਲਾਵਾ ਉਸ ਸਮੇਂ ਸ਼ਿਵਨਾਥ ਦਰਦੀ, ਸੁਮੀਤ, ਕੁਲਵਿੰਦਰ ਸਿੰਘ ਭਾਣਾ, ਗਗਨ ਅਰੋੜਾ ਆਦਿ ਵੀ ਹਾਜ਼ਰ ਸਨ। ਅੰਤ ਵਿੱਚ ਸਭਾ ਵੱਲੋਂ ਵਤਨਵੀਰ ਜ਼ਖਮੀ, ਇਕਬਾਲ ਘਾਰੂ, ਗਗਨ ਅਰੋੜਾ, ਪ੍ਰਿੰਸੀਪਲ ਕ੍ਰਿਸ਼ਨ ਲਾਲ ਬਕੋਲੀਆ ਨੂੰ ਉਨ੍ਹਾਂ ਦੀਆਂ ਸਭਾ ਪ੍ਰਤੀ ਅਤੇ ਸਾਹਿਤ ਪ੍ਰਤੀ ਕੀਤੀਆਂ ਘਾਲਣਾਵਾਂ ਨੂੰ ਮੁੱਖ ਰੱਖਦੇ ਹੋਏ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਸਭਾ ਵੱਲੋਂ ਕੁਝ ਸ਼ੋਕ ਮਤੇ ਵੀ ਪਾਏ ਗਏ ਜਿਨ੍ਹਾਂ ਵਿੱਚ ਪੰਜਾਬੀ ਸਾਹਿਤ ਦੀ ਪ੍ਰਸਿੱਧ ਕਹਾਣੀਕਾਰਾ ਸ੍ਰੀਮਤੀ ਪ੍ਰੀਤਮਾ ਦੂਮੇਲ ਦੇ ਅਕਾਲ ਚਲਾਣੇ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਇਸ ਤੋਂ ਇਲਾਵਾ ਸਭਾ ਵੱਲੋਂ ਮਤਾ ਪਾ ਕੇ ਲੈਂਡ ਪੂਲਿੰਗ ਨੀਤੀ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ।

## ਚੇਅਰਮੈਨ ਸ. ਢਿੱਲਵਾਂ ਨੇ ਉਚੇਰੀ ਸਿੱਖਿਆ ਦੇ ਵਿਕਾਸ ਲਈ ਕਾਲਜਾਂ ਦੇ ਮੁੱਖੀਆਂ ਨਾਲ ਕੀਤੀ ਵਿਸ਼ੇਸ਼ ਮੀਟਿੰਗ

ਵਰਲਡ ਪੰਜਾਬੀ ਟਾਈਮਜ਼
ਧਰਮ ਪ੍ਰਵਾਨਾਂ



ਫਰੀਦਕੋਟ, 6 ਅਗਸਤ : ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਸ. ਸੁਖਜੀਤ ਸਿੰਘ ਢਿੱਲਵਾਂ ਵੱਲੋਂ ਅੱਜ ਫਰੀਦਕੋਟ ਵਿਖੇ ਵਿਸ਼ੇਸ਼ ਮੀਟਿੰਗ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸ਼ਹੀਦ ਭਗਤ ਸਿੰਘ ਕਾਲਜ ਕੋਟਕਪੂਰਾ ਅਤੇ ਸਰਕਾਰੀ ਬ੍ਰਿਜਿੰਦਰਾ ਕਾਲਜ ਫਰੀਦਕੋਟ ਦੇ ਵਿਕਾਸ, ਨਵੀਨੀਕਰਨ ਅਤੇ ਵਿਦਿਆਰਥੀਆਂ ਦੀਆਂ ਸਿੱਖਿਆ ਸੰਬੰਧੀ ਲੋੜਾਂ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ।

ਸ. ਢਿੱਲਵਾਂ ਨੇ ਦੱਸਿਆ ਕਿ ਦੋਹਾਂ ਕਾਲਜਾਂ ਵਿੱਚ ਵਿਦਿਆਰਥੀਆਂ ਲਈ ਵਧੀਆ ਸੁਧਾਰ ਲਿਆਉਣ ਲਈ ਯੋਜਨਾਬੱਧ ਤਰੀਕੇ ਨਾਲ ਕੰਮ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਨਵੀਨੀਕਰਨ ਦੇ ਕਾਰਜ ਜਲਦੀ ਸ਼ੁਰੂ ਕੀਤੇ ਜਾਣਗੇ, ਜਿਸ ਰਾਹੀਂ ਉਚੇਰੀ ਸਿੱਖਿਆ ਦਾ ਪੱਧਰ ਹੋਰ ਵੀ ਉੱਚਾ ਹੋਵੇਗਾ ਅਤੇ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਮੁਹੱਈਆ ਹੋਵੇਗੀ।

ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਿੱਖਿਆ ਤੇ ਸਿਹਤ ਖੇਤਰਾਂ ਨੂੰ ਤਰਜੀਹ ਦਿੱਤੀ ਜਾ ਰਹੀ ਹੈ ਅਤੇ ਯੋਜਨਾ ਬੋਰਡ ਵੱਲੋਂ ਇਸ ਦਿਸ਼ਾ ਵਿੱਚ ਠੋਸ ਕਦਮ ਚੁੱਕੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਉੱਚ ਸਿੱਖਿਆ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਨੌਜਵਾਨਾਂ ਦਾ ਭਵਿੱਖ ਸਿੱਖਿਆ ਨਾਲ ਜੁੜਿਆ ਹੋਇਆ ਹੈ ਅਤੇ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਦੇਣ ਲਈ ਸਰਕਾਰ ਵੱਲੋਂ ਕਿਸੇ ਵੀ ਕਿਸਮ ਦੀ ਕਮੀ ਨਹੀਂ ਰਹਿਣ ਦਿੱਤੀ ਜਾਵੇਗੀ।

ਇਸ ਮੌਕੇ ਐਕਸੀਅਨ ਪੀ.ਡਬਲਊ ਡੀ. ਸ੍ਰੀ ਨਵੀਨ ਕੁਮਾਰ, ਪ੍ਰਿੰਸੀਪਲ ਬਰਜਿੰਦਰਾ ਕਾਲਜ ਸ੍ਰੀ ਰਾਜੇਸ ਮੋਹਨ, ਪ੍ਰੋ. ਨਰਿੰਦਰਜੀਤ ਸਿੰਘ ਬਰਾੜ, ਹਰੀਸ਼ ਕੁਮਾਰ ਸਹੀਦ ਭਗਤ ਸਿੰਘ ਕਾਲਜ, ਜਿਲ੍ਹਾ ਖੇਡ ਅਫਸਰ ਸ. ਬਲਜਿੰਦਰ ਸਿੰਘ, ਹਰਦੀਪ ਸਿੰਘ ਤੋਂ ਇਲਾਵਾ ਹੋਰ ਹਾਜ਼ਰ ਸਨ।

## CISCE ਰੀਜ਼ਨਲ ਤਾਈਕਵਾਡੋਂ ਟੂਰਨਾਮੈਂਟ ਵਿੱਚ ਐਚ ਐਮ ਤਾਈਕਵਾਡੋਂ ਅਕੈਡਮੀ, ਫਰੀਦਕੋਟ ਦੇ ਖਿਡਾਰੀਆਂ ਨੇ 4 ਗੋਲਡ ਮੈਡਲ ਜਿੱਤੇ।

ਵਰਲਡ ਪੰਜਾਬੀ ਟਾਈਮਜ਼
ਧਰਮ ਪ੍ਰਵਾਨਾਂ




ਫਰੀਦਕੋਟ 6 ਅਗਸਤ : C I S C E ਰੀਜ਼ਨਲ ਤਾਈਕਵਾਡੋਂ ਟੂਰਨਾਮੈਂਟ 1 ਅਗਸਤ ਤੋਂ 2 ਅਗਸਤ 2025 ਨੂੰ ਸ਼੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਅੰਮ੍ਰਿਤਸਰ ਵਿਖੇ ਕਰਵਾਇਆ ਗਿਆ। ਇਸ ਟੂਰਨਾਮੈਂਟ ਵਿੱਚ ਪੰਜਾਬ ਦੇ ਸਾਰੇ CICSE ਸਕੂਲਾਂ ਨੇ ਭਾਗ ਲਿਆ । ਇਸ ਟੂਰਨਾਮੈਂਟ ਵਿੱਚ ਐਚ ਐਮ ਤਾਈਕਵਾਡੋਂ ਅਕੈਡਮੀ, ਫਰੀਦਕੋਟ ਦੇ 6 ਖਿਡਾਰੀਆਂ ਨੇ ਭਾਗ ਲਿਆ ਜਿਨ੍ਹਾਂ ਵਿੱਚੋਂ ਲੜਕੀਆਂ ਵਿੱਚ ਗੋਰੀ ਬੀਰੂਦੇਵ ਪੁਜਾਰੀ ਨੇ -35 ਕਿਲੋਗ੍ਰਾਮ ਭਾਰ ਵਰਗ ਵਿੱਚ ਗੋਲਡ ਮੈਡਲ ,ਗੀਤਾਕਸ਼ੀ ਨੇ -26 ਕਿਲੋਗ੍ਰਾਮ ਭਾਰ ਵਰਗ ਵਿੱਚ ਗੋਲਡ ਮੈਡਲ , ਯੋਗਿਤਾ ਵਿਕਰਮ ਸ਼ਿੰਦੇ ਨੇ -63 ਕਿਲੋਗ੍ਰਾਮ ਭਾਰ ਵਰਗ ਵਿੱਚ ਗੋਲਡ ਮੈਡਲ, ਦਕਸ਼ਿਤਾ ਜੈਨ ਨੇ -42 ਕਿਲੋਗ੍ਰਾਮ ਭਾਰ ਵਰਗ ਵਿੱਚ ਸਿਲਵਰ ਮੈਡਲ ਜਿੱਤਿਆ ਅਤੇ ਇਸੇ ਤਰ੍ਹਾਂ ਲੜਕਿਆਂ ਵਿੱਚੋਂ ਜੋਬਨਪ੍ਰੀਤ ਸਿੰਘ ਨੇ -32 ਕਿਲੋਗ੍ਰਾਮ ਭਾਰ ਵਰਗ ਵਿੱਚ ਗੋਲਡ ਮੈਡਲ, ਪੁਨੀਤ ਪ੍ਰਮੋਦ ਪਾਟਿਲ ਨੇ -51 ਕਿਲੋਗ੍ਰਾਮ ਭਾਰ ਵਰਗ ਵਿੱਚ ਸਿਲਵਰ ਮੈਡਲ ਜਿੱਤ ਕੇ ਆਪਣੇ ਮਾਪਿਆਂ ਅਤੇ ਫਰੀਦਕੋਟ ਜ਼ਿਲ੍ਹੇ ਦਾ ਨਾਮ ਰੌਸ਼ਨ ਕੀਤਾ ਅਤੇ ਕੋਚ ਹੁਕਮ ਚੰਦ ਜੀ ਨੇ ਦੱਸਿਆ ਕਿ ਜਿੰਨਾ ਖਿਡਾਰੀਆਂ ਨੇ ਗੋਲਡ ਮੈਡਲ ਜਿੱਤਿਆ ਹੈ ਉਹ ਖਿਡਾਰੀ ਸਤੰਬਰ ਮਹੀਨੇ ਹੋ ਰਹੀਆਂ CISCE ਨੈਸ਼ਨਲ ਖੇਡਾਂ ਵਿੱਚ ਭਾਗ ਲੈਣਗੇ। ਫਰੀਦਕੋਟ ਪਹੁੰਚਣ ਤੇ ਸੁਖਮੰਦਰ ਸਿੰਘ ਸੰਧੂ ਜੀ ਮਿਊਂਸਪਲ ਕੌਂਸਲਰ ਨੇ ਬੱਚਿਆਂ ਅਤੇ ਕੋਚ ਹੁਕਮ ਚੰਦ ਜੀ ਨੂੰ ਵਧਾਈ ਦਿੱਤੀ ਅਤੇ ਬੱਚਿਆਂ ਨੂੰ ਪੜ੍ਹਾਈ ਦੇ ਨਾਲ ਨਾਲ ਖੇਡਾਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ ਇਸ ਖੁਸ਼ੀ ਦੇ ਮੋਕੇ ਐਚ ਐਮ ਤਾਈਕਵਾਡੋਂ ਅਕੈਡਮੀ ਦੇ ਸਾਰੇ ਖਿਡਾਰੀ ਅਤੇ ਜੇਤੂ ਖਿਡਾਰੀਆਂ ਦੇ ਮਾਪੇ ਵੀ ਸ਼ਾਮਲ ਸਨ ।

## 165 ਟੈਲੀ ਫਿਲਮਾਂ ਕਰਨ ਤੋ ਬਾਅਦ ਫੀਚਰ ਫਿਲਮਾਂ ਵੱਲ ਮੁੜੇ :- 'ਅਦਾਕਾਰ ਅੰਗਰੇਜ ਮੰਨਨ '

### ਨਵੇ ਤੇ ਚੰਗੇ ਕੰਟੈਟ ਤੇ ਕੰਮ ਕਰਨ ਸੌਕ ਰੱਖਦੇ ਹਨ :- ਅਦਾਕਾਰ "ਅੰਗਰੇਜ ਮੰਨਨ ਜੀ"

### ਹਾਲੇ ਵੀ ਮਿਹਨਤ ਜਾਰੀ " ਅਦਾਕਾਰ ਅੰਗਰੇਜ ਮੰਨਨ "




ਵਰਲਡ ਪੰਜਾਬੀ ਟਾਈਮਜ਼
ਸ਼ਿਵਨਾਥ ਦਰਦੀ ਫ਼ਰੀਦਕੋਟ

ਪੰਜਾਬੀ ਫਿਲਮ ਇੰਡਸਟ੍ਰੀਜ ਅੱਜ ਸਿਖਰਾਂ ਤੇ ਹੈ। ਅੱਜ ਪੰਜਾਬੀ ਸਿਨੇਮਾ ਵਿਚ ਪਾਲੀਵੁੱਡ ਤੇ ਬਾਲੀਵੁੱਡ ਜਗਤ ਦੀਆਂ ਅਜ਼ੀਮ ਸਖਸ਼ੀਅਤਾਂ ਵੱਲੋ ਵਧ ਚੜ੍ਹ ਕੇ ਯੋਗਦਾਨ ਪਾਇਆਂ ਜਾ ਰਿਹਾ ਹੈ । ਆਪਣੀ ਆਪਣੀ ਬਾਕਮਾਲ ਕਲਾ ਨਾਲ ਉਭਰ ਕੇ ਬਹੁਤ ਸਾਰੀਆਂ ਸਖਸ਼ੀਅਤਾਂ ਸਾਹਮਣੇ ਆ ਰਹੀਆਂ ਹਨ । ਅੱਜ ਮੈ ਅਜਿਹੇ ਇੱਕ ਨੌਜਵਾਨ ਦੀ ਗੱਲ ਕਰਨ ਜਾ ਰਿਹਾ, ਜੋ ਪੰਜਾਬ ਦੇ ਜ਼ਿਲਾ ਫਿਰੋਜ਼ਪੁਰ ਦੇ ਪਿੰਡ ਫਰੀਦੇ ਵਾਲਾ ਦੇ ਸ੍ਰ ਜਸਵਿੰਦਰ ਸਿੰਘ ਤੇ ਮਾਤਾ ਸ੍ਰੀਮਤੀ ਸਿਮਰਜੀਤ ਕੌਰ ਦੇ ਕੁੱਖੋ ਜਨਮੇ ਅਦਾਕਾਰ "ਅੰਗਰੇਜ ਮੰਨਨ ਜੀ" ਜਿਨਾਂ ਨੇ ਖੇਤਾਂ ਦੀਆਂ ਵੱਟਾਂ ਤੇ ਫਸਲਾਂ ਨਾਲ ਗੱਲਬਾਤਾਂ ਕਰਦਿਆ, ਫਿਲਮਾਂ ਵੱਲ ਰੁੱਖ ਕੀਤਾ ।



ਓਨਾਂ 2003 ਵਿੱਚ ਫਿਲਮਾਂ ਦੀ ਸੀ.ਡੀ ਵਿਕਰੇਤਾ ਵਜੋ ਕੰਮ ਕਰਦਿਆਂ, ਦਿਲ ਵਿੱਚ ਫਿਲਮਾਂ 'ਚ ਕੰਮ ਕਰਨ ਦਾ ਸੌਕ ਜਾਗਿਆ, ਕਹਿੰਦੇ ਦਿਲ ਵਿੱਚ ਜਨੂੰਨ ਹੋਵੇ ਤਾਂ ਮੰਜ਼ਿਲ ਨੂੰ ਪਾਉਣ ਦਾ ਤਾਂ ਮੰਜ਼ਿਲਾਂ ਖੁਦ ਚੱਲ ਕੇ ਨੇੜੇ ਆਉਣ ਲੱਗ ਪੈਂਦੀਆਂ ਹਨ। ਏਨਾਂ ਨਾਲ ਕੁਦਰਤ ਨੇ ਫਿਲਮ ਇੰਡਸਟ੍ਰੀਜ ਵਿੱਚ ਕੰਮ ਕਰਦੇ , ਅਦਾਕਾਰ ਸੁਲੱਖਣ ਅਟਵਾਲ ਤੇ ਸਰਬਜੀਤ ਸਿੱਧੂ ਨਾਲ 2004 ਵਿੱਚ ਮੇਲ ਕਰਵਾਇਆਂ। ਏਨਾਂ ਵੱਲੋ ਫਿਲਮ ਡਾਇਰੈਕਟਰ 'ਮਨਜੀਤ ਟੋਨੀ ਜੀ' ਨਾਲ ਰਾਬਤਾ ਕਾਇਮ ਕੀਤਾ ਗਿਆਂ । ਏਨਾਂ ਵਲੋਂ ਪ੍ਰਸਿੱਧ ਫਿਲਮ ਡਾਇਰੈਕਟਰ ' ਟੋਨੀ ' ਨਾਲ ਮਿਲ ਪ੍ਰੋਡਿਊਸਰ ਦੇ ਤੌਰ ਤੇ 'ਹੱਲਾ ਹੋ' ਬਣਾਈ ਗਈ। ਅਦਾਕਾਰ "ਅੰਗਰੇਜ ਮੰਨਨ ਜੀ" ਨੇ ਦੱਸਿਆਂ, ਹੁਣ ਤੱਕ ਉਹ 165 ਟੈਲੀ ਫਿਲਮਾਂ ਬਣਾ ਚੁੱਕੇ ਹਨ । ਜਿਨਾਂ ਵਿੱਚ "ਬੀਬੋ ਭੂਆਂ ਮਸਤ ਮਸਤ , ਸਰਪੰਚ ਦਾ ਐਕਸ਼ਨ, ਇੱਜਤ , ਵੱਡੇ ਇੱਜਤਾਂ ਵਾਲੇ, ਤਾਨਾਸ਼ਾਹ ਸੱਸ , ਇੱਜ਼ਤਾਂ ਨੂੰ ਦਾਗ , ਧੀ ਦਾ ਫੈਸਲਾ, ਮਤਰੇਈ ਮਾਂ , ਇੱਜ਼ਤਾਂ ਦਾ ਇਨਸਾਫ , ਧੋਖੇ ਬਾਜ਼ ਮਸੂਕ , ਧੀ ਦੇ ਡਰਾਮੇ , ਮੇਰਾ ਫੈਸਲਾ, ਨਜਾਇਜ਼ ਰਿਸਤਾਂ , ਨਜਾਇਜ਼ ਔਲਾਦ, ਨਨਾਣ ਭਰਜਾਈ ਦੀ ਇੱਕ ਗੱਲ , ਦਰਾਣੀ ਜਠਾਣੀ , ਫੌਜੀ ਨੂੰ ਧੋਖਾ , ਛੁੱਟੀ ਛੜਿਆਂ ਦੀ , ਕਿਰਾਏ ਦੀ ਕੁੱਖ , ਫੈਮਲੀ ਕਮਲਿਆਂ ਦੀ , ਘਰ 'ਚ ਸ਼ਰੀਕ ਜੰਮਿਆ, ਮਾਸੀ ਦੀ ਤਾਨਾਸ਼ਾਹੀ , ਧੀ ਦਾ ਕਤਲ, ਤੀਵੀਆਂ ਦੋ ਬੁਰੀਆਂ , ਨਿੱਕੀ ਉਮਰ ਆਦਿ ਫਿਲਮਾਂ ਕੀਤੀਆਂ ।

ਏਨਾਂ ਦੀਆਂ ਆਉਣ ਵਾਲੀਆਂ ਦੋ ਫੀਚਰ ਫਿਲਮ ਜਿਨਾਂ ਖੂਬਸੂਰਤ ਅਦਾਕਾਰੀ ਦੇ ਜਲਵੇ ਦੇਖਣ ਨੂੰ ਵੀ ਮਿਲਣਗੇ , 'ਉੱਡਣਾ ਸੱਪ' ਜੋ ਕਿ "ਜੀਤ ਸੰਧੂ ਜੀ" ਦੇ ਨਾਵਲ ਤੇ ਅਧਾਰਿਤ ਹੈ । ਇਸ ਵਿਚ ਦਿਗਜ ਅਦਾਕਾਰ 'ਗੁਰਮੀਤ ਸਾਜਨ ' ਹੁਰਾਂ ਨੇ ਆਪਣੀ ਅਦਾਕਾਰ ਨਾਲ ਚਾਰ ਚੰਨ ਲਾਏ ਹਨ ਤੇ ਡਾਇਰੈਕਟਰ 'ਮਨਜੀਤ ਟੋਨੀ' ਨੇ ਦਿਨ ਰਾਤ ਇੱਕ ਕਰ ਆਪਣੀ ਮਿਹਨਤ ਸਦਕਾ ਆਖਰੀ ਮੁਕਾਮ ਤੱਕ ਪਹੁੰਚਾਇਆਂ।

ਏਸੇ ਤਰਾਂ ਦੂਸਰੀ ਫੀਚਰ ਫਿਲਮ 'ਸਾਹਿਬ ਜਿਨਾਂ ਦੀਆਂ ਮੰਨੇ' ਹੈ ।

ਗੱਲਬਾਤ ਦੌਰਾਨ ਅਦਾਕਾਰ ਅੰਗਰੇਜ ਮੰਨਨ ਨੇ ਦੱਸਿਆ ਕਿ ਓਨਾਂ ਦਾ ਟੀਚਾ ਚੰਗੇ ਮੈਸੇਜ ਦੇਣ ਵਾਲੀਆ ਫਿਲਮਾਂ ਵਿੱਚ ਕੰਮ ਕਰਨਾਂ ਹੈ । ਇਸ ਵਿੱਚ ਓਨਾਂ ਦੇ ਭਰਾਂ "ਗੁਰਭੇਜ ਸਿੰਘ ਮੰਨਨ ਜੀ" ਤੇ ਉਸਦੇ ਬੇਟੇ "ਰਣਜੀਤ ਸਿੰਘ ਮੰਨਨ" ਜੋ ਅੱਜ ਕੱਲ ਕਨੇਡਾ ਵਿੱਚ ਰਹਿ ਰਿਹਾ ਓਨਾਂ ਦਾ ਬਹੁਤ ਵੱਡਾ ਯੋਗਦਾਨ ਹੈ । ਓਨਾਂ ਦਰਸ਼ਕ ਬੇਹੱਦ ਪਿਆਰ ਮੁਹੱਬਤ ਕਰਦੇ ਹਨ। ਓਹ ਜੋ ਵੀ ਅੱਜ ਹਨ, ਓਨਾਂ ਦੀ ਹੱਲਾਸ਼ੇਰੀ ਸਦਕਾ ਹੈ।

ਮੇਰੀਆਂ ਦੁਆਵਾਂ ਚਰਚਿਤ ਅਦਾਕਾਰ "ਅੰਗਰੇਜ ਮੰਨਨ ਜੀ" ਦੇ ਲਈ , ਓਹ ਫਿਲਮਾਂ ਜਗਤ ਵਿੱਚ ਕਦਮ ਕਦਮ ਅੱਗੇ ਵੱਧਦੇ ਰਹਿਣ ਤੇ ਮੰਜ਼ਿਲਾਂ ਹਾਸਿਲ ਕਰਨ । ਆਮੀਨ

## ਪੈਸੇ ਮੂਹਰੇ ਰਿਸ਼ਤਿਆਂ ਦਾ ਵਜ਼ਨ

ਵਰਲਡ ਪੰਜਾਬੀ ਟਾਈਮਜ਼
ਰਵਨਜੋਤ ਕੌਰ ਸਿੱਧੂ "ਰਾਵੀ




ਜਗਦੀਪ ਦੀਆਂ ਅੱਜ ਅੱਖਾਂ ਬੂਹੇ ਵੱਲ ਹੀ ਸੀ। ਸੜਕ ਤੇ ਥੋੜੇ ਜਿਹੇ ਵੀ ਵਿੜਕ ਹੁੰਦੀ ਜਗਦੀਪ ਭੱਜ ਕੇ ਬੂਹੇ ਵੱਲ ਨੂੰ ਆਉਦਾ ਜਦੋਂ ਕੋਈ ਨਾ ਹੁੰਦਾ ਤਾਂ ਉਦਾਸ ਹੋ ਕੇ ਅੰਦਰ ਆ ਜਾਂਦਾ। ਅੱਜ ਰੱਖੜੀ ਦਾ ਤਿਉਹਾਰ ਸੀ ਜਗਦੀਪ ਨੂੰ ਇਸ ਤਿਉਹਾਰ ਦਾ ਬਹੁਤ ਚਾਅ ਹੁੰਦਾ। ਜਗਦੀਪ ਲਈ ਰੱਖੜੀ ਦਾ ਦਿਨ ਬਹੁਤ ਖਾਸ ਹੁੰਦਾ ਸੀ ਕਿਉਂਕਿ ਇਸ ਦਿਨ ਉਸਦੀ ਭੈਣ ਰੱਖੜੀ ਲੈ ਕੇ ਆਉਂਦੀ ਸੀ। ਜਗਦੀਪ ਨੂੰ ਇੰਨਾ ਖੁਸ਼ ਸੀ ਕੀ ਉਸ ਨੇ ਇੱਕ ਦਿਨ ਤੋਂ ਤਿਆਰੀ ਕੀਤੀ ਹੋਈ ਸੀ। ਜਗਦੀਪ ਨੇ ਆਪਣੀ ਘਰਵਾਲੀ ਤੀਰਥ ਨੂੰ ਆਵਾਜ਼ ਮਾਰ ਕੇ ਕਿਹਾ , "ਕੱਲ੍ਹ ਭੈਣ ਨੇ ਆਉਣਾ ਹੈ, ਤੂੰ ਐਂ ਕਰ ਜਲਦੀ ਨਾਲ ਤਿਆਰ ਹੋ ਜਾ ਆਪਾਂ ਸ਼ਹਿਰੋਂ ਕੁੱਝ ਖਾਣ-ਪੀਣ ਦਾ ਸਮਾਨ ਅਤੇ ਭੈਣਾਂ ਲਈ ਸੂਟ ਲੈ ਆਉਦੇ , ਪਿੰਡ ਹੈ ਕਿਤੇ ਕੱਲ ਕੁੱਝ ਖਾਣ ਪੀਣ ਮਿਲੇ ਜਾਂ ਨਾ"। ਜਗਦੀਪ ਅਤੇ ਤੀਰਥ ਸ਼ਹਿਰ ਜਾਂਦੇ ਹਨ ਭੈਣ ਲਈ ਸੂਟ ਖਰੀਦਣ ਲੱਗਦੇ ਹਨ। ਤੀਰਥ ਆਪਣੀ ਹਾਲਤ ਦੇਖ ਕੁਝ ਹਲਕੇ ਸੂਟ ਲੈ ਲੈਂਦੀ ਹੈ , ਪਰ ਜਗਦੀਪ ਕਹਿੰਦਾ" ਤੂੰ ਭੈਣ ਲਈ ਵਧੀਆ ਸੂਟ ਲੈ, ਭੈਣ ਦੀਆਂ ਅਰਦਾਸਾਂ ਨਾਲ ਇਸ ਵਾਰ ਮੀਂਹ ਵਧੀਆ ਪੈਣ ਤੇ ਫਸਲ ਵਧੀਆ ਹੋਈ ਹੈ ਤੇ ਸੋਚਦਾਂ ਭੈਣ ਨੂੰ ਵਧੀਆ ਸੂਟ ਲੈ ਕੇ ਦੇਵਾ ਅਤੇ ੧੦੦ ਨਹੀਂ ੨੦੦ ਦੇਵਾਂ। ਇੰਨਾ ਕਹਿ ਕੇ ਉਸ ਨੇ ਭੈਣ ਲਈ ਵਧੀਆ ਸੂਟ ਲਿਆ, ਜਦੋਂ ਦੁਕਾਨਦਾਰ ਨੇ ਆਪਣੇ ਪੈਸੇ ਕੱਟ ਕੇ ਜਗਦੀਪ ਨੂੰ ਬਕਾਇਆ ਦੇਣ ਲੱਗਿਆ ਤਾਂ ਉਸ ਨੇ ਦੁਕਾਨ ਵਾਲੇ ਨੂੰ, ਕਿਹਾ "ਭਾਈ ਸਾਹਿਬ ੨੦੦ ੨੦੦ ਦੇ ਕੜਕਣੇ ਨੋਟ ਦੇ ਦਿਓ,ਮੈਂ ਭੈਣ ਨੂੰ ਦੇਣੇ। ਭੈਣ ਦੇ ਖਾਣ ਲਈ ਬਰਫੀ, ਰੁੱਸਗੁਲੇ , ਨਮਕੀਨ ਲੈ ਕੇ ਲਾਉਦਾ। ਘਰ ਆ ਕੇ ਤੀਰਥ ਨੂੰ ਕਹਿੰਦਾ ਹੈ ਕੀ ਸਵੇਰੇ ਤੂੰ ਐਂ ਕਰੀਂ ਖੀਰ ਬਣਾ ਲਵੀਂ, ਸਿੰਦੋ ਭੈਣ ਨੂੰ ਤੇਰੀ ਖੀਰ ਬਹੁਤ ਪਸੰਦ ਆ।

ਹੁਣ ਤਾਂ ਜਗਦੀਪ ਬਹੁਤ ਉਦਾਸ ਸੀ ਕਿਉਕਿ ਸਵੇਰ ਤੋਂ ਤਰਕਾਲਾ ਵੇਲਾ ਆ ਗਿਆ ਪਰ ਜਗਦੀਪ ਦੀਆਂ ਭੈਣਾਂ ਰੱਖੜੀ ਲੈ ਕੇ ਨਾ ਆਈਆਂ। ਜਗਦੀਪ ਨੂੰ ਬਹੁਤ ਬੁਰੇ ਬੁਰੇ ਖਿਆਲ ਆਉਣ ਲੱਗ ਪਏ "ਭੈਣ ਠੀਕ ਹੋਵੇ ਕਿਤੇ ਬਿਮਾਰ ਨਾ ਹੋਵੇ ਪਤਾ ਨਹੀ ਜਗਦੀਪ ਦੇ ਦਿਮਾਗ ਵਿੱਚ ਕੀ ਆਈ ਗਿਆ ਉਹ ਬਹੁਤ ਬੇਚੈਨ ਹੋ ਗਿਆ।ਆਪਣੀ ਬੇਚੈਨੀ ਦੂਰ ਕਰਨ ਲਈ ਜਗਦੀਪ ਨੇ ਭੈਣ ਨੂੰ ਫੋਨ ਕੀਤਾ ਪਰ ਉਸਨੇ ਫੋਨ ਨਾ ਚੁਕਿਆ। ਉਹ ਹੋਰ ਵੀ ਘਬਰਾ ਗਿਆ। ਮਨ ਵਿੱਚ ਸੋਚਿਆ ਤੇ ਆਪਣੇ ਵੱਡੇ ਵੀਰ ਗੁਰਵਿੰਦਰ ਨੂੰ ਫੋਨ ਕੀਤਾ ਜੋ ਇੱਕ ਵੱਡੀ ਕੰਪਨੀ ਵਿੱਚ ਮੇਨੈਜਰ ਸੀ।"ਵੀਰ ਭੈਣ ਨੇ ਆਉਣਾ ਸੀ ਅੱਜ, ਹਲੇ ਤੀਕ ਆਈ ਨਹੀਂ, ਤੇਰੇ ਨਾਲ ਗੱਲ ਤਾਂ ਨਹੀਂ ਹੋਈ ਭੈਣ ਦੀ", ਜਗਦੀਪ ਨੇ ਝਿਜਕਦੇ ਹੋਏ ਪੁੱਛਿਆ। ਉਹ ਹਾਂ ਆਹੋ ਮੈ ਤੇਰੀ ਭਰਜਾਈ ਅਤੇ ਸੁੰਦਰ ਸੂਟ ਲੈਣ ਬਜ਼ਾਰ ਆਏ ਹਾਂ, "ਆਹ ਲੈ ਸਿੰਦੋ ਨਾਲ ਗਲ ਕਰ ਲੈ",

"ਸਤਿ ਸ੍ਰੀ ਅਕਾਲ ਵੀਰ", ਸਿੰਦੋ ਨੇ ਕਿਹਾ।ਸਿੰਦੋ ਤੁਸੀਂ ਆਈਆ ਨਹੀਂ ਅਸੀਂ ਸਵੇਰ ਦੇ ਉਡੀਕਦੇ ਸੀ", ਜਗਦੀਪ ਨੇ ਗੁੱਸਾ ਜਤਾਉਂਦੇ ਹੋਏ ਕਿਹਾ।"ਓ ਵੀਰ ਅਸੀਂ ਸ਼ਾਪਿੰਗ ਕਰਨੀ ਸੀ ਤੇ ਪਿੰਡ ਔਖਾ ਹੋ ਜਾਂਦਾ", ਗੁਰਵਿੰਦਰ ਵੀਰਾ ਵੱਡੇ ਸ਼ਹਿਰ ਵਿੱਚ ਅਤੇ ਭਰਜਾਈ ਵੀ ਪੜੀ -ਲਿਖੀ ਹੈ ਸਭ ਕੁਝ ਜਾਣਦੀ ਸ਼ਹਿਰ ਵਿੱਚ ਸ਼ਾਪਿੰਗ ਕਿਵੇ ਹੁੰਦੀਂ ਤਾਂ ਕਰਨ ਵੀਰੇ ਕੋਲ ਆ ਗਈ , "ਸਿੰਦੋ ਨੇ ਕਿਨਾਰਾ ਕਰਦੇ ਹੋਏ ਕਿਹਾ।ਚੰਗਾ ਵੀਰੇ ਹੁਣ ਬਜ਼ਾਰ ਹਾਂ ਫਿਰ ਗੱਲ ਕਰਦੇ ਹਾਂ ਇਹ ਕਹਿ ਸਿੰਦੋ ਨੇ ਫੋਨ ਕੱਟ ਦਿੱਤਾ। ਜਗਦੀਪ ਦੇ ਹੱਥੋ ਫੋਨ ਹੇਠਾਂ ਡਿੱਗ ਜਾਂਦਾ ਹੈ ਅਤੇ ਉਹ ਚੁੱਪ ਸੀ, ਬਿਲਕੁਲ ਚੁੱਪ ਤੇ ਆਪਣੀ ਸੁੰਨੀ ਕਲਾਈ ਵਲ ਵੇਖਦਾ ਹੋਇਆ ਹੇਠਾਂ ਧਰਤੀ ਤੇ ਹੀ ਬੈਠ ਜਾਂਦਾ ਹੈ। ਜਗਦੀਪ ਨੂੰ ਇਸ ਤਰਾਂ ਦੇਖ ਉਸ ਦੀ ਘਰਵਾਲੀ ਤੀਰਥ ਭੱਜ ਕੇ ਉਸ ਕੋਲ ਆਉਦੀ ਹੈ ਤਾਂ ਪੁੱਛਦੀ "ਜੀ ਕੀ ਗੱਲ ਹੋਈ ਸਿੰਦੋ ਭੈਣ ਕੀ ਕਹਿੰਦੀ "

ਜਗਦੀਪ ਧਾਹਾਂ ਮਾਰ ਕੇ ਰੋਣ ਲੱਗਿਆ ਤੇ ਕਹਿਣ ਲੱਗਿਆ ਤੀਰਥੇ "ਆਪਣੇ ਹਾਲਾਤ ਆਪਣੀ ਗਰੀਬੀ ਭੈਣ ਭਰਾ ਦੇ ਰਿਸ਼ਤੇ ਵਿੱਚ ਵੀ ਆ ਗਈ। ਸਾਡੇ ਗਰੀਬਾਂ ਦੇ ਕੀ ਰਿਸ਼ਤੇ । ਗਰੀਬ ਦਾ ਨਾ ਕੋਈ ਭੈਣ ਨਾ ਕੋਈ ਭਰਾ, ਗਰੀਬ ਗਰੀਬ ਹੀ ਹੁੰਦਾ ਹੈ। ਇਹ ਕਹਿ ਕੇ ਉਹ ਆਪਣੀ ਸੁੰਨੀ ਕਲਾਈ ਫੜ ਕੇ ਆਪਣੇ ਹਾਲਾਤ ਤੇ ਔਕਾਤ ਬਾਰੇ ਸੋਚਣ ਲੱਗ ਪਿਆ।

## ਦਵਿੰਦਰ ਬਾਂਸਲ ਟਰਾਂਟੋ ਦਾ ਕਾਵਿ ਸੰਗ੍ਰਹਿ 'ਦੀਦ' ਔਰਤ ਦੀ ਪੀੜਾ ਤੇ ਰੁਮਾਂਸਵਾਦ ਦਾ ਪ੍ਰਤੀਬਿੰਬ




ਵਰਲਡ ਪੰਜਾਬੀ ਟਾਈਮਜ਼
ਉਜਾਗਰ ਸਿੰਘ

ਦਵਿੰਦਰ ਬਾਂਸਲ ਪੰਜਾਬੀ ਦੀ ਸਥਾਪਤ ਕਵਿਤਰੀ ਹੈ। ਪਰਵਾਸ ਵਿੱਚ ਰਹਿੰਦੀ ਹੋਈ ਵੀ ਉਹ ਆਪਣੀ ਪੰਜਾਬੀ ਵਿਰਾਸਤ ਨਾਲ ਇਕੱਮਿੱਕ ਹੈ। ਉਸ ਦੇ ਹੁਣ ਤੱਕ ਤਿੰਨ ਕਾਵਿ ਸੰਗ੍ਰਹਿ 'ਮੇਰੀਆਂ ਝਾਂਜਰਾਂ ਦੀ ਛਨ-ਛਨ' (1998 ), 'ਜੀਵਨ ਰੁੱਤ ਦੀ ਮਾਲਾ" (2023) ਅਤੇ 'ਸਵੈ ਦੀ ਪਰਕਰਮਾ" (2023) ਪ੍ਰਕਾਸ਼ਤ ਹੋ ਚੁੱਕੇ ਹਨ। 'ਮੇਰੀਆਂ ਝਾਂਜਰਾਂ ਦੀ ਛਨ-ਛਨ' ਕਾਵਿ ਸੰਗ੍ਰਹਿ ਦੇ ਤਿੰਨ ਐਡੀਸ਼ਨ ਛਪ ਚੁੱਕੇ ਹਨ। ਇਨ੍ਹਾਂ ਕਾਵਿ ਸੰਗ੍ਰਹਿਾਂ ਦੀ ਪ੍ਰਕਾਸ਼ਨਾ ਤੋਂ ਬਾਅਦ ਦਵਿੰਦਰ ਬਾਂਸਲ ਦੀ ਕਵਿਤਾ ਸਾਹਿਤਕ ਖੇਤਰ 'ਚ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਪੜਚੋਲ ਅਧੀਨ 'ਦੀਦ' ਉਸਦਾ ਚੌਥਾ ਕਾਵਿ ਸੰਗ੍ਰਹਿ ਹੈ। ਇਸ ਕਾਵਿ ਸੰਗ੍ਰਹਿ ਵਿੱਚ ਉਸਦੀਆਂ 56 ਛੋਟੀਆਂ-ਵੱਡੀਆਂ, ਖੁਲ੍ਹੀਆਂ ਕਵਿਤਾਵਾਂ ਹਨ। ਇਹ ਸਾਰੀਆਂ ਕਵਿਤਾਵਾਂ ਉਸਦੇ ਅੰਤਰੀਵ ਦੀ ਆਵਾਜ਼, ਇੱਕ ਕਿਸਮ ਨਾਲ ਦਵਿੰਦਰ ਬਾਂਸਲ ਦੀ ਰੂਹ ਦੀ ਖੁਰਾਕ ਹਨ, ਉਸਨੇ ਹਰ ਕਵਿਤਾ ਰੂਹ ਵਿੱਚ ਭਿੱਜਕੇ ਲਿਖੀ ਹੈ। ਉਸਨੇ ਸਮਾਜਿਕ ਤਾਣੇ-ਬਾਣੇ ਵਿੱਚ ਵਿਚਰਦਿਆਂ ਜੋ ਪ੍ਰਭਾਵ ਗ੍ਰਹਿਣ ਕੀਤੇ ਹਨ, ਉਨ੍ਹਾਂ ਨੂੰ ਕਵਿਤਾਵਾਂ ਦਾ ਰੂਪ ਦਿੱਤਾ ਹੈ। ਇਹ ਕਵਿਤਾਵਾਂ ਕਾਵਿਕ ਮਾਪ ਦੰਡਾਂ ਵਿੱਚ ਬੱਝਕੇ ਨਹੀਂ ਲਿਖੀਆਂ ਗਈਆਂ, ਸਗੋਂ ਕਵਿਤਰੀ ਦੇ ਮਨ ਮਸਤਕ ਵਿੱਚੋਂ ਆਪ ਮੁਹਾਰੇ ਨਿਕਲੀਆਂ ਹੋਈਆਂ ਵੱਖਰੇ ਰੰਗ ਵਿਖੇਰਦੀਆਂ ਹਨ। ਕਵਿਤਰੀ ਨੇ ਇਨ੍ਹਾਂ ਕਵਿਤਾਵਾਂ ਰਾਹੀਂ ਨਵੇਂ ਨਕਸ ਸਿਰਜੇ ਹਨ। ਦਵਿੰਦਰ ਬਾਂਸਲ ਦੀਆਂ ਕਵਿਤਾਵਾਂ ਬਹੁ-ਰੰਗੀ, ਬਹੁ-ਪਰਤੀ ਅਤੇ ਵਿਲੱਖਣ ਕਿਸਮ ਦੀਆਂ ਹਨ, ਜੋ ਦਰਿਆ ਦੇ ਵਹਿਣਾਂ ਦੇ ਵਹਾਅ ਦੀਆਂ ਤਰੰਗਾਂ ਭਾਸਦੀਆਂ ਹਨ। ਇਨ੍ਹਾਂ ਕਵਿਤਾਵਾਂ ਦੀ ਰਵਾਨਗੀ ਵੀ ਦਰਿਆ ਦੀਆਂ ਛੱਲਾਂ ਵਰਗੀ ਹੈ, ਜੋ ਰੰਗ ਵਿਰੰਗੀਆਂ ਲਹਿਰਾਂ ਦਾ ਰੂਪ ਧਰਨ ਕਰ ਲੈਂਦੀਆਂ ਹਨ। ਕਵਿਤਰੀ ਨੇ ਕਵਿਤਾਵਾਂ ਨੂੰ ਨਿਵੇਕਲੇ ਅੰਦਾਜ਼ ਵਿੱਚ ਪ੍ਰਗਟ ਕੀਤਾ ਹੈ, ਜੋ ਨਵੇਂ ਰੰਗ ਪੇਸ਼ ਕਰਦੀਆਂ ਹਨ। ਉਸਦੀਆਂ ਕਵਿਤਾਵਾਂ ਵਿੱਚ ਵਿਸਮਾਦੀ ਰੰਗ ਵੀ ਵੇਖਣ ਨੂੰ ਮਿਲਦਾ ਹੈ। ਕਵਿਤਾਵਾਂ ਲਿਖਦੀ ਉਹ ਖੁਦ ਕਵਿਤਾ ਬਣਕੇ ਕਵਿਤਾ ਵਿੱਚ ਵਿਲੀਨ ਹੋ ਜਾਂਦੀ ਹੈ ਤੇ ਸੁੱਧ- ਬੁੱਧ ਖੋ ਬੈਠਦੀ ਹੈ। ਉਹ ਲਿਖਦੀ ਹੈ ਕਿ ਔਰਤ ਹੋਣਾ ਹੀ ਬਦਕਿਸਮਤੀ ਹੈ, ਬ੍ਰਿਹਾ, ਪੀੜਾਂ, ਦੁੱਖ-ਦਰਦ ਅਤੇ ਉਲਝਣਾਂ ਉਸਦੀ ਜ਼ਿੰਦਗੀ ਦਾ ਅਨਿਖੜਵਾਂ ਅੰਗ ਬਣੀਆਂ ਹੋਈਆਂ ਹਨ। ਇਨ੍ਹਾਂ ਵਿੱਚੋਂ ਬਾਹਰ ਨਿਕਲਣ ਲਈ ਔਰਤ ਜਦੋਜਹਿਦ ਕਰਦੀ ਰਹਿੰਦੀ ਹੈ। ਪਹਿਲਾਂ ਮਾਪਿਆਂ ਦੇ ਘਰ ਦੀ ਕੈਦੀ ਬਣਕੇ ਉਨ੍ਹਾਂ ਦੇ ਘਰ ਦੀ ਉਸਾਰੀ ਕਰਦੀ ਹੈ ਤੇ ਫਿਰ ਪਤੀ ਦਾ ਘਰ ਸੰਵਾਰਦੀ, ਬਣਾਉਂਦੀ ਤੇ ਉਸਾਰਦੀ ਹੈ। ਬੁਢਾਪੇ ਵਿੱਚ ਪਹੁੰਚਦਿਆਂ ਉਹ ਬੱਚਿਆਂ ਦੇ ਤਿੜਕੇ ਘਰਾਂ ਨੂੰ ਸੰਭਾਲਦੀ ਹੋਈ, ਇਸ ਸੰਸਾਰ ਨੂੰ ਅਲਵਿਦਾ ਕਹਿੰਦੀ ਹੈ। ਉਸਦੀ ਜ਼ਿੰਦਗੀ ਵਿੱਚ ਟਿਕਾਅ ਨਹੀਂ ਹੁੰਦਾ, ਭਟਕਦੀ ਰਹਿੰਦੀ ਹੈ। ਬੱਚੇ ਪਦਾਰਥਵਾਦੀ ਹੋ ਕੇ ਮਾਪਿਆਂ ਦੀ ਜਾਇਦਾਦ ਵਲ ਨਿਗਾਹ ਰੱਖਦੇ ਹਨ। ਔਰਤਾਂ ਨੂੰ ਤਿਤਲੀਆਂ ਕਿਹਾ ਜਾਂਦਾ ਹੈ, ਪ੍ਰੰਤੂ ਉਨ੍ਹਾਂ ਉਪਰ ਭੌਰੇ ਤਿਲਮਾਲਉਂਦੇ ਹੋਏ ਰਸ ਚੂਸਕੇ ਆਨੰਦ ਮਾਣਦੇ ਹਨ ਤੇ ਔਰਤ ਦਾ ਸਰੀਰ ਬਿਨਾ ਆਤਮਾ ਬਚ ਜਾਂਦਾ ਹੈ। ਔਰਤ ਆਪ ਹੀ ਮੋਹ ਮੁਹੱਬਤ ਦੀ ਲਾਲਸਾ ਵਿੱਚ ਫਸਦੀ ਹੋਈ ਬਰਬਾਦ ਹੋ ਜਾਂਦੀ ਹੈ। ਇਹ ਕੁਝ ਦਵਿੰਦਰ ਬਾਂਸਲ ਦੀਆਂ ਕਵਿਤਾਵਾਂ ਦਾ ਸਾਰੰਸ਼ ਹੈ। ਮੁੱਢਲੇ ਤੌਰ 'ਤੇ ਉਹ ਇਸਤਰੀਆਂ ਦੇ ਭਾਵਨਾਵਾਂ ਵਿੱਚ ਵਹਿਣ ਅਤੇ ਮਰਦਾਂ ਵੱਲੋਂ ਉਨ੍ਹਾਂ ਨੂੰ ਲਲਚਾਈਆਂ ਨਜ਼ਰਾਂ ਨਾਲ ਵੇਖਣ ਉਪਰ ਤਿੱਖੇ ਟਕੋਰੇ ਮਾਰਦੀ ਹੈ। ਉਨ੍ਹਾਂ ਦਾ ਮਾਸ ਨੋਚਕੇ ਦਰਿੰਦਗੀ ਦਾ ਜ਼ਿੰਦਾ ਨਾਚ ਕੀਤਾ ਜਾਂਦਾ ਹੈ, ਔਰਤ ਨਿਰਜਿੰਦ ਲਾਸ਼ ਬਣਕੇ ਵੀ ਬਰਦਾਸ਼ਤ ਕਰਦੀ ਰਹਿੰਦੀ ਹੈ। ਵਿਆਹ ਤੋਂ ਪਹਿਲਾਂ ਦੇ ਸਬਜਬਾਗ ਤੇ ਵਾਅਦੇ ਵਫ਼ਾ ਨਹੀਂ ਹੁੰਦੇ। ਭਲੇ ਸਮੇਂ ਹੁੰਦੇ ਸੀ, ਜਦੋਂ ਹਸਦੇ ਰਹਿੰਦੇ ਸੀ। ਅਸਲ ਵਿੱਚ ਉਦੋਂ ਸਮਝ ਹੀ ਨਹੀਂ ਹੁੰਦੀ ਸੀ। ਸਮਝ ਆਉਣ ਤੋਂ ਬਾਅਦ ਹਟਕੋਰੇ ਪੱਲੇ ਪੈ ਗਏ ਤੇ ਸਮਝ ਦੁਸ਼ਮਣ ਬਣ ਗਈ। ਕਵਿਤਰੀ ਕਹਿੰਦੀ ਹੈ ਕਿ ਭਲੇ ਵੇਲੇ ਆਉਣਗੇ, ਪ੍ਰੰਤੂ ਉਸਨੇ ਭਲੇ ਵੇਲੇ ਨਹੀਂ ਵੇਖੇ, ਉਹ ਆਪਣੀ 'ਤਨ ਅਗਨ' ਸਿਰਲੇਖ ਵਾਲੀ ਕਵਿਤਾ ਵਿੱਚ ਲਿਖਦੀ ਹੈ:

ਹੱਡੀਆਂ ਦਾ ਬਾਲਣ
ਖ਼ੂਨ ਦਾ ਤੇਲ
ਬਲਦੇ ਤਾਂ ਭਾਂਬੜ ਬਲੇ
ਵੇਖੇ ਨਾ ਵੇਲੇ ਭਲੇ. . . .।

'ਬੇਸਮਝੇ ਸਾਂ ਹੱਸਦੇ' ਸਿਰਲੇਖ ਵਾਲੀ ਕਵਿਤਾ ਵਿੱਚ ਕਵਿਤਰੀ ਲਿਖਦੀ ਹੈ:

ਬੇਮਝੇ ਸਾਂ ਹੱਸਦੇ
ਸਮਝਦਾਰ ਹਾਂ ਤੰਗ
ਮੁੜ ਮੁੜ ਚੇਤੇ ਆਂਵਦੇ
ਬਾਲ ਉਮਰ ਦੇ ਰੰਗ
ਭੋਲੇ ਸਾਦੇ ਲੋਕ ਪਰ
ਦਿਲ ਦੇ ਸਨ ਅਮੀਰ
ਇੱਕ ਦਰ ਸੀ ਝੁਕਦੇ
ਰਾਜਾ ਰੰਕ ਫ਼ਕੀਰ........ ..

ਔਰਤ ਆਜ਼ਾਦੀ ਭਾਲਦੀ ਹੈ, ਮਾਨਸਿਕ ਆਜ਼ਾਦੀ, ਪ੍ਰੰਤੂ ਕਈ ਇਸਤਰੀਆਂ ਨੂੰ ਖ਼ੁਸ਼ਾਮਦ ਰਾਹੀਂ ਵਰਗਲਾ ਲਿਆ ਜਾਂਦਾਂ ਹੈ, ਦਵਿੰਦਰ ਬਾਂਸਲ ਉਨ੍ਹਾਂ ਨੂੰ ਦ੍ਰਿੜ੍ਹਤਾ ਨਾਲ ਵਿਚਰਣ, ਹੌਸਲਾ ਰੱਖਣ ਅਤੇ ਆਪਣੇ ਵਿਅਤਿਤਵ ਨੂੰ ਸਮਤੁਲ ਰੱਖਕੇ ਗੁੰਝਲਦਾਰ ਉਲਝਣਾ ਨੂੰ ਸਾਫ਼ ਸੁਥਰੀ ਪਾਕਿ ਪਵਿਤਰ ਮੁਹੱਬਤ ਨਾਲ ਸੁਰ ਵਿੱਚ ਲਿਆਉਣ ਦੀ ਨਸੀਹਤ ਦਿੰਦੀ ਹੋਈ ਕਹਿੰਦੀ ਹੈ ਕਿ ਮੁੱਹੱਬਤ ਨਿਰ-ਸਵਾਰਥ, ਨਿਰ-ਉਚੇਚ ਅਤੇ ਨਿਰ-ਵਿਰੋਧ ਹੋਣੀ ਚਾਹੀਦੀ ਹੈ। ਆਧੁਨਿਕ ਜ਼ਮਾਨਾ ਆ ਗਿਆ, ਕੁਝ ਔਰਤਾਂ ਆਜ਼ਾਦੀ ਦਾ ਨਜ਼ਾਇਜ ਲਾਭ ਉਠਾਉਂਦੀਆਂ ਹਨ। ਚਾਰੇ ਪਾਸੇ ਝੂਠ ਦੇ ਪਸਾਰੇ ਨਾਲ ਮਾਰਕੀਟ ਦੀ ਵਸਤੂ ਬਣਨ ਦੀ ਥਾਂ ਸਿਆਣਪ ਦਾ ਮੁਜੱਸਮਾ ਬਣਕੇ ਵਿਚਰਨ ਨੂੰ ਤਰਜ਼ੀਹ ਦੇਣ ਦੀ ਤਾਕੀਦ ਕਰਦੀ ਹੈ। ਜ਼ਮਾਨੇ ਨਾਲ ਲੜਨ ਦੀ ਸਮਰੱਥਾ ਬਣਾਉਣ ਦੀ ਲੋੜ ਹੈ। ਕਵਿਤਰੀ 'ਮਾਨਸਿਕ ਪੀੜ' ਸਿਰਲੇਖ ਵਾਲੀ ਕਵਿਤਾ ਵਿੱਚ ਨਿਰਦਈ ਮਰਦ ਦੀ ਮਾਨਸਿਕਤਾ ਦਾ ਵਰਣਨ ਕਰਦੀ ਹੋਈ ਇਸਤਰੀਆਂ ਉਪਰ ਮਰਦਾਂ ਵੱਲੋਂ ਕੀਤੇ ਅਤਿਆਚਾਰਾਂ ਨੂੰ ਬਹੁਤ ਹੀ ਭਾਵਕਤਾ ਨਾਲ ਇਸਤਰੀਆਂ ਨੂੰ ਬਰਦਾਸ਼ਤ ਕਰਦਿਆਂ ਦਰਸਾਇਆ ਹੈ। ਇਸ ਕਵਿਤਾ ਦਾ ਭਾਵ ਹੈ ਕਿ ਇਸਤਰੀਆਂ ਨੂੰ ਇਨ੍ਹਾਂ ਜ਼ੁਲਮਾਂ ਨੂੰ ਹਰ ਰੋਜ਼ ਬਰਦਾਸ਼ਤ ਨਹੀਂ ਕਰਨਾ ਚਾਹੀਦਾ, ਸਗੋਂ ਇੱਟ ਦਾ ਜਵਾਬ ਪੱਥਰ ਨਾਲ ਦੇਣਾ ਚਾਹੀਦਾ ਹੈ। ਇਸਦੇ ਨਾਲ ਹੀ ਕਵਿਤਰੀ ਕਾਵਿ ਸੰਗ੍ਰਹਿ ਦੇ ਨਾਮ ਵਾਲੀ 'ਦੀਦ' ਕਵਿਤਾ ਵਿੱਚ ਲਿਖਦੀ ਹੈ ਕਿ ਔਰਤ ਭਾਵਨਾਵਾਂ ਵਿੱਚ ਵਹਿਣ ਵਾਲੀ ਮੋਮ ਦੀ ਮੂਰਤ ਹੈ, ਜਿਸ ਨਾਲ ਉਸਨੂੰ ਮੁਹੱਬਤ ਹੋ ਜਾਂਦੀ ਹੈ, ਉਸਦੀਆਂ ਤਲੀਆਂ ਥੱਲੇ ਹੱਥ ਦਿੰਦੀ ਹੋਈ ਪਿਆਰ ਦੀਆਂ ਪੀਂਘਾਂ ਝੂਟਣ ਸਮੇਂ ਆਪਾ ਖੋ ਬਹਿੰਦੀ ਹੈ। ਇਸ ਕਵਿਤਾ ਦੇ ਦੋ ਬੰਦ ਔਰਤ ਦੀ ਮੁਹੱਬਤ ਵਾਲੀ ਭਾਵਨਾ ਦਾ ਪ੍ਰਗਟਾਵਾ ਕਰਦੇ ਹਨ ਕਿ ਔਰਤ ਮਰਦ 'ਤੇ ਕਿਵੇਂ ਲੱਟੂ ਹੋ ਜਾਂਦੀ ਹੈ:

ਤੇਰੇ ਮੁੱਖ ਦਾ ਪਿਆ ਝਲਕਾਰਾ
ਚੰਨਾ ਵੇ ਸਾਡੀ ਹਉਂ ਟੁੱਟ ਗਈ।
ਮੱਥੇ ਲੱਗਿਐਂ ਬੰਦੇ ਦੀ ਜੂਨੀ
ਤੂੰ ਅਸਲੋਂ ਫ਼ਕੀਰ ਮਹਿਰਮਾ।

ਉਹ ਮਰਦ ਨੂੰ ਧੋਖੇ ਦੀ ਪੁਤਲੀ ਕਹਿੰਦੀ ਹੈ, ਪ੍ਰੰਤੂ ਬੇਇਖ਼ਲਾਕੀ ਸਭ ਤੋਂ ਭੈੜੀ ਚੀਜ਼ ਹੈ। ਮਰਦ ਨੂੰ ਬੇਇਖ਼ਲਾਕ ਨਹੀਂ ਹੋਣਾ ਚਾਹੀਦਾ, ਕਿਉਂਕਿ ਔਰਤ ਆਪਣਾ ਘਰ ਬਾਰ ਛੱਡਕੇ ਨਵੀਂ ਦੁਨੀਆਂ ਵਸਾਉਣ ਲਈ ਆਉਂਦੀ ਹੈ, ਉਸਦੀਆਂ ਭਾਵਨਾਵਾਂ ਦੀ ਕਦਰ ਕਰਨੀ ਬਣਦੀ ਹੈ, ਮਰਦ ਸਿਰਫ ਸਰੀਰਕ ਭੁੱਖ ਮਿਟਾਉਣ ਦੀ ਕਰਦਾ ਹੈ, ਉਸਦਾ ਨਿਰਾਦਰ ਨਹੀਂ ਕਰਨਾ ਚਾਹੀਦਾ, ਉਹ ਵਸਲ ਚਾਹੁੰਦੀ ਹੈ, ਮਰਦ ਔਰਤ ਦੀ ਰੂਹ ਦਾ ਕਤਲ ਕਰਦੈ, ਉਹ ਆਪਣਿਆਂ ਨਾਲ ਯੁੱਧ ਨਹੀਂ ਕਰ ਸਕਦੀ। ਮਰਦ ਤੇ ਔਰਤ ਦੋਹਾਂ ਨੂੰ ਹਓਮੈ ਦੀ ਤਿਲਾਂਜ਼ਲੀ ਦੇ ਕੇ ਇੱਕਮਿੱਕ ਹੋਣਾ ਚਾਹੀਦਾ ਹੈ, ਇੰਜ ਕਵਿਤਰੀ ਦੀਆਂ ਕਵਿਤਾਵਾਂ ਕਹਿੰਦੀਆਂ ਹਨ। ਹਾਰ ਸ਼ਿੰਗਾਰ ਨਾਲ ਔਰਤ ਸੁੰਦਰ ਵਿਖਾਈ ਤਾਂ ਦੇਵੇਗੀ, ਪ੍ਰੰਤੂ ਮਾਨਸਿਕ ਸ਼ਾਂਤੀ ਰੂਹ ਦੀ ਮੁਹੱਬਤ ਨਾਲ ਮਿਲਦੀ ਹੈ। ਪਰਵਾਸ ਵਿੱਚ ਜ਼ਾਤ ਪਾਤ ਤੋਂ ਦੂਰ ਹੋ ਕੇ ਵਿਆਹ ਹੁੰਦੇ ਹਨ, ਪ੍ਰੰਤੂ ਤਲਾਕਾਂ ਦੀ ਮਾਤਰਾ ਜ਼ਿਆਦਾ ਹੈ। ਅਲ੍ਹੜ੍ਹ ਉਮਰ ਦੀਆਂ ਪਰਵਾਸ ਵਿੱਚ ਗਈਆਂ ਕੁਝ ਕੁੜੀਆਂ ਡਾਲਰਾਂ ਦੀ ਚਕਾਚੌਂਧ ਵਿੱਚ ਆਪਣੀ ਸਲੀਕੇ ਦੀ ਵਿਰਾਸਤ ਨੂੰ ਭੁੱਲ ਜਾਂਦੀਆਂ ਹਨ ਤੇ ਫਿਰ ਖੱਜਲ ਖ਼ਰਾਬ ਹੁੰਦੀਆਂ ਰਹਿੰਦੀਆਂ ਹਨ। ਔਰਤ ਨੂੰ ਆਪੇ ਦੀ ਪਛਾਣ ਕਰਕੇ ਆਨੰਦਮਈ ਜ਼ਿੰਦਗੀ ਜਿਉਣੀ ਚਾਹੀਦੀ ਹੈ। ਉਸ ਵਿੱਚ ਅਥਾਹ ਸ਼ਕਤੀ ਹੈ, ਪ੍ਰੰਤੂ ਔਰਤ ਆਪਣੀ ਸ਼ਕਤੀ ਦੀ ਪਛਾਣ ਕਰਨ ਦੀ ਥਾਂ ਥਿੜ੍ਹਕਦੀ ਰਹਿੰਦੀ ਹੈ। ਦਵਿੰਦਰ ਬਾਂਸਲ ਦਾ ਇਹ ਕਾਵਿ ਸੰਗ੍ਰਹਿ ਰੁਮਾਂਸਵਾਦੀ ਕਵਿਤਾ ਦਾ ਮੀਲ ਪੱਥਰ ਸਾਬਤ ਹੋਵੇਗਾ।

80 ਪੰਨਿਆਂ, 150 ਰੁਪਏ, 10 ਡਾਲਰ, 5 ਪੌਂਡ ਕੀਮਤ ਵਾਲਾ ਕਾਵਿ ਸੰਗ੍ਰਹਿ ਪ੍ਰਿਥਮ ਪ੍ਰਕਾਸ਼ਨ ਪਟਿਆਲਾ ਨੇ ਪ੍ਰਕਾਸ਼ਤ ਕੀਤਾ ਹੈ।

ਸੰਪਰਕ : ਦਵਿੰਦਰ ਬਾਂਸਲ ਟਰਾਂਟੋ ਕੈਨੇਡਾ:4168045320